Series : HGFE1

SET ~ 4

Q.P. Code 6

Roll No.

Candidates must write the Q.P. Code on the title page of the answer-book.

**ਨੋਟ / NOTE :**

(I) ਕਿਰਪਾ ਕਰਕੇ ਜਾਂਚ ਕਰ ਲਵੋ ਕਿ ਇਸ ਪ੍ਰਸ਼ਨ ਪੱਤਰ ਵਿਚ ਛਪੇ ਹੋਏ **11** ਪੰਨੇ ਹਨ ।
Please check that this question paper contains **11** printed pages.

(II) ਪ੍ਰਸ਼ਨ ਪੱਤਰ ਵਿਚ ਸੱਜੇ ਹੱਥ ਦੇ ਵਲ ਦਿੱਤੇ ਗਏ ਪ੍ਰਸ਼ਨ ਪੱਤਰ ਕੋਡ ਨੂੰ ਪ੍ਰੀਖਿਆਰਥੀ ਉੱਤਰ ਪੁਸਤਿਕਾ ਦੇ ਮੁੱਖ ਪੰਨੇ ਉਪਰ ਲਿਖਣ ।
Q.P. Code given on the right hand side of the question paper should be written on the title page of the answer-book by the candidate.

(III) ਕਿਰਪਾ ਕਰਕੇ ਜਾਂਚ ਕਰ ਲਵੋ ਕਿ ਇਸ ਪ੍ਰਸ਼ਨ ਪੱਤਰ ਵਿੱਚ **16** ਪ੍ਰਸ਼ਨ ਹਨ ।
Please check that this question paper contains **16** questions.

(IV) **ਕਿਰਪਾ ਕਰਕੇ ਪ੍ਰਸ਼ਨ ਦਾ ਉੱਤਰ ਲਿਖਣਾ ਸ਼ੁਰੂ ਕਰਨ ਤੋਂ ਪਹਿਲਾਂ, ਉੱਤਰ ਪੁਸਤਿਕਾ ਵਿੱਚ ਪ੍ਰਸ਼ਨ ਦਾ ਕ੍ਰਮਾਂਕ (ਸੀਰਿਅਲ ਨੰਬਰ) ਜ਼ਰੂਰ ਲਿੱਖੋ ।**
**Please write down the Serial Number of the question in the answer-book at the given place before attempting it.**

(V) ਇਸ ਪ੍ਰਸ਼ਨ ਪੱਤਰ ਨੂੰ ਪੜ੍ਹਨ ਦੇ ਲਈ 15 ਮਿੰਟ ਦਾ ਸਮਾਂ ਦਿੱਤਾ ਗਿਆ ਹੈ । ਪ੍ਰਸ਼ਨ ਪੱਤਰ ਸਵੇਰੇ 10.15 ਵਜੇ ਵੰਡੇ ਜਾਣਗੇ । 10.15 ਵਜੇ ਤੋਂ 10.30 ਵਜੇ ਤਕ ਪ੍ਰੀਖਿਆਰਥੀ ਕੇਵਲ ਪ੍ਰਸ਼ਨ ਪੱਤਰ ਨੂੰ ਪੜ੍ਹਨਗੇ ਅਤੇ ਇਸ ਸਮੇ ਵਿੱਚ ਉਹ ਉੱਤਰ ਪੁਸਤਿਕਾ ਵਿੱਚ ਕੋਈ ਉੱਤਰ ਨਹੀਂ ਲਿਖਣਗੇ ।
15 minute time has been allotted to read this question paper. The question paper will be distributed at 10.15 a.m. From 10.15 a.m. to 10.30 a.m., the candidates will read the question paper only and will not write any answer on the answer-book during this period.

#

# ਪੰਜਾਬੀ

# PUNJABI

*ਸਮਾਂ ਸੀਮਾ : **3** ਘੰਟੇ* | *ਪੂਰਨ ਅੰਕ : **80***

*Time allowed : **3** hours* | *Maximum Marks : **80***

***General Instructions :***

*Question paper is divided into four parts.*

*It has total 16 questions.*

***Part-I** : 2 Questions no. 1 and 2*

***Part-II** : 5 Questions no. 3 to 7*

***Part-III** : 3 Questions no. 8 to 10*

***Part-IV** : 6 Questions no. 11 to 16*

*Attempt questions as per specific instructions.*

*Write question no. in answer-book before attempting it.*

**ਸਧਾਰਨ ਨਿਰਦੇਸ਼ :**

ਪ੍ਰਸ਼ਨ-ਪੱਤਰ ਵਿੱਚ ਕੁੱਲ ਚਾਰ ਭਾਗ ਹਨ ।

ਇਸ ਵਿੱਚ ਕੁੱਲ 16 ਪ੍ਰਸ਼ਨ ਹਨ ।

**ਭਾਗ-I** :2 ਪ੍ਰਸ਼ਨ ਨੰ. 1 ਅਤੇ 2

**ਭਾਗ-II** :5 ਪ੍ਰਸ਼ਨ ਨੰ. 3 ਤੋਂ 7 ਤੱਕ

**ਭਾਗ-III** :3 ਪ੍ਰਸ਼ਨ ਨੰ. 8 ਤੋਂ 10 ਤੱਕ

**ਭਾਗ-IV** :6 ਪ੍ਰਸ਼ਨ ਨੰ. 11 ਤੋਂ 16 ਤੱਕ

**ਆਮ ਨਿਰਦੇਸ਼ :**

ਪ੍ਰਸ਼ਨ-ਪੱਤਰ ਹੱਲ ਕਰਨ ਤੋਂ ਪਹਿਲਾਂ, ਹੇਠ ਲਿਖੇ ਨਿਰਦੇਸ਼ਾਂ ਨੂੰ ਧਿਆਨ ਨਾਲ਼ ਪੜ੍ਹੋ ਅਤੇ ਉਹਨਾਂ ਦਾ ਪਾਲਣ ਕਰੋ:

- ਸਾਰੇ ਪ੍ਰਸ਼ਨ ਲਾਜ਼ਮੀ ਹਨ । ਪ੍ਰਸ਼ਨਾਂ ਵਿੱਚ ਅੰਦਰੂਨੀ ਚੋਣ ਵੀ ਦਿੱਤੀ ਗਈ ਹੈ । ਉਸ ਨੂੰ ਧਿਆਨ ਨਾਲ਼ ਵੇਖ ਕੇ ਹੱਲ ਕੀਤਾ ਜਾਵੇ ।
- ਬਹੁ-ਵਿਕਲਪੀ ਉੱਤਰਾਂ ਵਾਲੇ ਪ੍ਰਸ਼ਨਾਂ ਦੇ ਉੱਤਰ ਲਿਖਦੇ ਸਮੇਂ ਵਿਕਲਪ ਨੰਬਰ/ਚਿੰਨ੍ਹ ਦੇ ਨਾਲ਼ ਨਾਲ਼ ਉੱਤਰ ਵੀ ਲਿਖਿਆ ਜਾਵੇ ।
- ਉੱਤਰਾਂ ਨੂੰ ਧਿਆਨ ਨਾਲ ਉੱਤਰ-ਸ਼ੀਟ 'ਤੇ ਲਿਖਿਆ ਜਾਵੇ ।
- ਇਸ ਪ੍ਰਸ਼ਨ-ਪੱਤਰ ਵਿੱਚ ਕੁੱਲ 16 ਪ੍ਰਸ਼ਨ ਹਨ ਤੇ ਇਸ ਦੇ ਚਾਰ ਭਾਗ ਹਨ । ਭਾਗ-I ਪੜ੍ਹਨ-ਕੌਸ਼ਲ, ਭਾਗ-II ਵਿਆਕਰਨ, ਭਾਗ-III ਪ੍ਰਭਾਵਸ਼ਾਲੀ ਲਿਖਣ ਕੌਸ਼ਲ ਅਤੇ ਭਾਗ-IV ਪਾਠ-ਪੁਸਤਕਾਂ 'ਤੇ ਆਧਾਰਿਤ ਪ੍ਰਸ਼ਨ ।
- **ਭਾਗ-I :** ਪੜ੍ਹਨ-ਕੌਸ਼ਲ ਵਿੱਚ ਕੁੱਲ 2 ਪ੍ਰਸ਼ਨ ਹਨ । ਦਿੱਤੇ ਗਏ ਨਿਰਦੇਸ਼ਾਂ ਅਨੁਸਾਰ ਉਹਨਾਂ ਨੂੰ ਹੱਲ ਕੀਤਾ ਜਾਵੇ ।
- **ਭਾਗ-II :** ਵਿਆਕਰਨ ਵਿੱਚ ਕੁੱਲ 5 ਪ੍ਰਸ਼ਨ ਹਨ । ਦਿੱਤੇ ਗਏ ਨਿਰਦੇਸ਼ਾਂ ਅਨੁਸਾਰ ਉਹਨਾਂ ਨੂੰ ਹੱਲ ਕੀਤਾ ਜਾਵੇ ।
- **ਭਾਗ-III :** ਪ੍ਰਭਾਵਸ਼ਾਲੀ ਲਿਖਣ ਕੌਸ਼ਲ ਵਿੱਚ ਕੁੱਲ 3 ਪ੍ਰਸ਼ਨ ਹਨ । ਦਿੱਤੇ ਗਏ ਨਿਰਦੇਸ਼ਾਂ ਅਨੁਸਾਰ ਉਹਨਾਂ ਨੂੰ ਹੱਲ ਕੀਤਾ ਜਾਵੇ ।
- **ਭਾਗ-IV :** ਪਾਠ-ਪੁਸਤਕਾਂ 'ਤੇ ਆਧਾਰਿਤ ਪ੍ਰਸ਼ਨ ਵਿੱਚ ਕੁੱਲ 6 ਪ੍ਰਸ਼ਨ ਹਨ । ਦਿੱਤੇ ਗਏ ਨਿਰਦੇਸ਼ਾਂ ਅਨੁਸਾਰ ਉਹਨਾਂ ਨੂੰ ਹੱਲ ਕੀਤਾ ਜਾਵੇ ।

## ਭਾਗ-I : ਪੜ੍ਹਨ ਕੌਸ਼ਲ

## (PART-I : Reading Skills) *6+4=10*

**ਨੋਟ :** *ਹੇਠ ਲਿਖੇ ਵਾਰਤਕ ਪੈਰੇ ਅਤੇ ਕਾਵਿ-ਟੁਕੜੀ ਨੂੰ ਧਿਆਨ ਨਾਲ਼ ਪੜ੍ਹੋ ਅਤੇ ਪੁੱਛੇ ਗਏ ਪ੍ਰਸ਼ਨਾਂ ਦੇ ਉੱਤਰ ਉਹਨਾਂ ਦੇ ਆਧਾਰ 'ਤੇ, ਉਹਨਾਂ ਦੇ ਹੇਠਾਂ ਦਿੱਤੇ ਗਏ ਵਿਕਲਪਾਂ ਵਿੱਚੋਂ ਚੁਣ ਕੇ ਲਿਖੋ।ਉੱਤਰ ਸ਼ੀਟ ਵਿੱਚ ਦਰਜ ਕਰੋ :*

**1.** ਬਹੁ-ਮੰਤਵੀ ਪ੍ਰੋਜੈਕਟ ਬਣਾਉਣ ਦਾ ਕੰਮ ਭਾਵੇਂ ਅਜ਼ਾਦੀ ਤੋਂ ਬਾਅਦ ਸ਼ੁਰੂ ਹੋਇਆ ਪਰ ਭਾਖੜਾ ਡੈਮ ਪ੍ਰੋਜੈਕਟ ਲਈ ਬਣਾਉਣ ਦਾ ਵਿਚਾਰ ਸਰ ਲੂਈਸ ਡੈਨੇ ਵੱਲੋਂ 1908 ਈ: ਵਿੱਚ ਦੇ ਦਿੱਤਾ ਗਿਆ ਸੀ । 1939 ਈ. ਤੋਂ 1942 ਈ. ਤੱਕ ਇਸ ਪ੍ਰੋਜੈਕਟ ਸੰਬੰਧੀ ਰਿਪੋਰਟਾਂ ਤਿਆਰ ਕੀਤੀਆਂ ਗਈਆਂ । ਸ਼ੁਰੂ ਵਿੱਚ ਇਸ ਡੈਮ ਦਾ ਨਿਰਮਾਣ ਸਿਰਫ਼ ਸਿੰਚਾਈ ਲਈ ਪਾਣੀ ਇਕੱਠਾ ਕਰਨ ਲਈ ਡੈਮ ਬਣਾਉਣਾ ਹੀ ਸੀ, ਪਰ ਬਾਅਦ ਵਿੱਚ ਇਸ ਪ੍ਰੋਜੈਕਟ ਨੂੰ ਬਹੁ-ਮੰਤਵੀ ਬਣਾ ਦਿੱਤਾ ਗਿਆ । 1948 ਈ. ਤੋਂ 1963 ਈ. ਦੇ ਵਿਚਕਾਰ ਬਣ ਕੇ ਤਿਆਰ ਹੋਏ ਸੰਸਾਰ ਦੇ ਇਸ ਸਭ ਤੋਂ ਉੱਚੇ ਕੰਕਰੀਟ ਦੇ ਠੋਸ ਬੰਨ੍ਹਾਂ (dams) ਵਿੱਚੋਂ ਇਸ ਭਾਖੜਾ ਡੈਮ ਦੀ ਉਚਾਈ ਦਿੱਲੀ ਦੇ ਮਸ਼ਹੂਰ ਕੁਤੁਬਮਿਨਾਰ ਤੋਂ ਤਿੰਨ ਗੁਣਾ ਜ਼ਿਆਦਾ ਹੈ । ਨੰਗਲ ਦੇ ਸਤਲੁਜ ਸਦਨ ਵਿਖੇ ਹੀ ਭਾਰਤ ਅਤੇ ਚੀਨ ਵਿੱਚ 28 ਅਪਰੈਲ 1954 ਈ. ਨੂੰ ਪੰਚਸ਼ੀਲ ਸਮਝੌਤਾ ਹੋਇਆ ਸੀ । ਜਿਸ ਵਿੱਚ ਭਾਰਤ ਅਤੇ ਚੀਨ ਵਿਚਕਾਰ ਪੰਜ ਨੁਕਤੀ ਸਮਝੌਤੇ 'ਤੇ ਦਸਖ਼ਤ ਕੀਤੇ ਗਏ ਸਨ । ਜਿਨ੍ਹਾਂ ਵਿੱਚ ਮੁੱਖ ਰੂਪ ਵਿੱਚ ਦੋਹਾਂ ਦੇਸਾਂ ਵਿਚਕਾਰ ਆਪਸੀ ਮਿਲਵਰਤਨ ਵਧਾਉਣ, ਇੱਕ ਦੂਜੇ ਦੀ ਪ੍ਰਭੂਸੱਤਾ ਦਾ ਸਨਮਾਨ ਕਰਨ ਦੀ ਗੱਲ ਕੀਤੀ ਗਈ ਹੈ । ਇਸ ਦੇ ਸਬੂਤ ਵਜੋਂ ਇੱਥੇ ਇੱਕ ਵੱਡ-ਆਕਾਰੀ ਇਤਿਹਾਸਿਕ ਪੱਥਰ ਵੀ ਮੌਜੂਦ ਹੈ, ਜਿਸ ਉੱਪਰ ਇਹਨਾਂ ਸ਼ਰਤਾਂ ਨੂੰ ਉਕਰਿਆ ਗਿਆ ਹੈ । ਇਹ ਪੱਥਰ ਸੈਲਾਨੀਆਂ ਲਈ ਖਿੱਚ ਦਾ ਕੇਂਦਰ ਬਣਦਾ ਹੈ । ਨੰਗਲ ਸਥਿਤ ਭਾਖੜਾ ਡੈਮ ਦੀ ਸਤਲੁਜ ਝੀਲ ਨੂੰ 'ਰਾਸ਼ਟਰੀ ਵੈਟਲੈਂਡ' ਐਲਾਨਿਆ ਜਾ ਚੁੱਕਿਆ ਹੈ । ਇੱਥੇ ਸਰਦੀਆਂ ਦੇ ਮੌਸਮ ਵਿੱਚ ਸਾਇਬੇਰੀਆ, ਨਿਊਜ਼ੀਲੈਂਡ, ਸਵਿਟਜ਼ਰਲੈਂਡ ਤੋਂ ਪਰਵਾਸੀ ਪੰਛੀ ਆਉਂਦੇ ਹਨ । ਇਹਨਾਂ ਨੂੰ ਵੇਖਣ ਲਈ ਪੰਛੀ-ਪ੍ਰੇਮੀ ਦੂਰੋਂ ਪਹੁੰਚਦੇ ਹਨ । ਇਸ ਡੈਮ ਵਿੱਚ 1680 ਫੁੱਟ ਸਮੁੰਦਰੀ ਲੈਵਲ ਤੱਕ ਪਾਣੀ ਜਮ੍ਹਾਂ ਕੀਤਾ ਜਾ ਸਕਦਾ ਹੈ । ਭਾਖੜਾ ਡੈਮ ਵਿਖੇ ਬਣਾਏ ਦੋ ਬਿਜਲੀ ਘਰਾਂ ਨੂੰ ਰਾਈਟ ਅਤੇ ਲੈਫਟ ਪਾਵਰ ਬੈਂਕ ਦੇ ਨਾਂ ਨਾਲ ਜਾਣਿਆ ਜਾਂਦਾ ਹੈ । ਲੈਫਟ ਪਾਵਰ ਹਾਊਸ ਵਿੱਚ ਜਪਾਨ, ਫਰਾਂਸ ਅਤੇ ਇੰਗਲੈਂਡ ਦੀ ਬਣੀ ਮਸ਼ੀਨਰੀ ਲਗਾਈ ਗਈ ਹੈ ਅਤੇ ਰਾਈਟ ਪਾਵਰ ਬੈਂਕ ਵਿੱਚ ਰਸ਼ੀਅਨ ਮਸ਼ੀਨਰੀ ਦੀ ਵਰਤੋਂ ਕੀਤੀ ਗਈ ਹੈ । ਇਹਨਾਂ ਪਾਵਰ ਹਾਊਸਾਂ ਨੂੰ ਪੀ ਪੀ-1 ਅਤੇ ਪੀ ਪੀ-2 ਦੇ ਨਾਂ ਨਾਲ਼ ਜਾਣਿਆ ਜਾਂਦਾ ਹੈ । *6×1=6*

(i) ਭਾਖੜਾ ਡੈਮ ਪ੍ਰੋਜੈਕਟ ਬਣਾਉਣ ਦਾ ਵਿਚਾਰ ਸਰ ਲੂਈਸ ਡੈਨੇ ਨੇ ਕਦੋਂ ਦਿੱਤਾ ?

(A) 1948 (B) 1942

(C) 1939 (D) 1908

(ii) ਭਾਖੜਾ ਡੈਮ ਦੀ ਉਚਾਈ ਕੁਤੁਬਮੀਨਾਰ ਤੋਂ ਕਿੰਨੀ ਜ਼ਿਆਦਾ ਹੈ ?

(A) ਦੋ ਗੁਣਾ (B) ਤਿੰਨ ਗੁਣਾ

(C) ਚਾਰ ਗੁਣਾ (D) ਬਰਾਬਰ ਹੈ

(iii) ਨੰਗਲ ਦੇ ਸਤਲੁਜ ਸਦਨ ਵਿਖੇ ਕਿਨ੍ਹਾਂ-ਕਿਨ੍ਹਾਂ ਦੇਸਾਂ ਵਿਚਕਾਰ ਪੰਚਸ਼ੀਲ ਸਮਝੌਤਾ ਹੋਇਆ ?

(A) ਭਾਰਤ ਅਤੇ ਚੀਨ
(B) ਮਹਾਰਾਜਾ ਰਣਜੀਤ ਸਿੰਘ ਅਤੇ ਅੰਗਰੇਜ਼ਾਂ
(C) ਭਾਰਤ ਅਤੇ ਕੀਨਿਆ
(D) ਭਾਰਤ ਅਤੇ ਸ੍ਰੀ ਲੰਕਾ

(iv) ਭਾਖੜਾ ਡੈਮ ਦੇ ਰਾਈਟ ਪਾਵਰ ਬੈਂਕ ਵਿੱਚ ਕਿੱਥੋਂ ਦੀ/ਕਿਹੜੀ ਮਸ਼ੀਨਰੀ ਦੀ ਵਰਤੋਂ ਕੀਤੀ ਗਈ ਹੈ ?

(A) ਇੰਗਲੈਂਡ
(B) ਫਰਾਂਸ
(C) ਰਸ਼ੀਅਨ
(D) ਜਪਾਨ

(v) ਪੈਰੇ ਅਨੁਸਾਰ ਭਾਖੜਾ ਡੈਮ ਵਿੱਚ ਕਿੰਨੇ ਫੁੱਟ ਤੱਕ ਪਾਣੀ ਜਮ੍ਹਾਂ ਕੀਤਾ ਜਾ ਸਕਦਾ ਹੈ ?

(A) 1680 ਫੁੱਟ
(B) 200 ਫੁੱਟ
(C) 10,000 ਫੁੱਟ
(D) 1939 ਫੁੱਟ

(vi) ਨੰਗਲ ਸਥਿਤ ਸਤਲੁਜ ਝੀਲ (ਜਿਸ ਨੂੰ ਰਾਸ਼ਟਰੀ ਵੈਟਲੈਂਡ ਐਲਾਨਿਆ ਜਾ ਚੁੱਕਿਆ ਹੈ) ਵਿਖੇ ਸਰਦੀਆਂ ਵਿੱਚ ਕਿਹੜੇ-ਕਿਹੜੇ ਦੇਸਾਂ ਤੋਂ ਪਰਵਾਸੀ ਪੰਛੀ ਆਉਂਦੇ ਹਨ ?

(A) ਸਾਇਬੇਰੀਆ
(B) ਸਵਿਟਜ਼ਰਲੈਂਡ
(C) ਨਿਊਜ਼ੀਲੈਂਡ
(D) ਉਪਰੋਕਤ ਸਾਰਿਆਂ ਤੋਂ

**2.** ਝੰਡਿਆ ਤਿਰੰਗਿਆ, ਨਿਰਾਲੀ ਤੇਰੀ ਸ਼ਾਨ ਏ ।
ਸਾਰੇ ਦੇਸ-ਵਾਸੀਆਂ ਨੂੰ, ਤੇਰੇ ਉੱਤੇ ਮਾਣ ਏ ।
ਸਾਵਾ ਰੰਗ ਤੇਰਾ ਦੱਸੇ, ਖੇਤੀਆਂ ਦੇ ਰੰਗ ਨੂੰ ।
ਪਹਿਨ ਬਾਣਾ ਕੇਸਰੀ, ਸ਼ਹੀਦ ਜਾਣ ਜੰਗ ਨੂੰ ।
ਤਿੰਨੇ ਰੰਗ, ਕੱਠੇ ਹੋ ਕੇ, ਏਕਤਾ ਨੂੰ ਦੱਸਦੇ ।
ਤੇਰੀ ਛਾਇਆ ਹੇਠ, ਸਾਰੇ ਭਾਈ-ਭਾਈ ਵੱਸਦੇ ।
ਚੱਕਰ ਅਸ਼ੋਕ ਦਾ, ਵਿਕਾਸ ਦਾ ਨਿਸ਼ਾਨ ਏ ।
ਝੰਡਿਆ ਤਿਰੰਗਿਆ, ਨਿਰਾਲੀ ਤੇਰੀ ਸ਼ਾਨ ਏ । *4×1=4*

(i) ਕਵਿਤਾ ਅਨੁਸਾਰ ਸਾਰੇ ਦੇਸ ਵਾਸੀਆਂ ਨੂੰ ਕਿਸ ਉੱਤੇ ਮਾਣ ਹੈ ?

(ii) ਤਿੰਨੇ ਰੰਗ ਇਕੱਠੇ ਹੋ ਕੇ ਕੀ ਦੱਸਦੇ ਹਨ ?

(iii) ਕਵੀ ਅਨੁਸਾਰ ਸ਼ਹੀਦ ਕਿਹੜਾ ਬਾਣਾ ਪਹਿਨ ਕੇ ਜੰਗ ਨੂੰ ਜਾਂਦੇ ਹਨ ?

(iv) ਕਵਿਤਾ ਅਨੁਸਾਰ ਅਸ਼ੋਕ ਚੱਕਰ ਕਿਸ ਚੀਜ਼ ਦਾ ਪ੍ਰਤੀਕ ਹੈ ?

## ਭਾਗ-II : ਵਿਆਕਰਨ

## (PART-II : Grammar)

*2+2+2+2+4=12*

**3.** **ਸਮਾਸੀ ਸ਼ਬਦ :** (ਪੁੱਛੇ ਗਏ ਅਨੁਸਾਰ ਤਿੰਨ ਪ੍ਰਸ਼ਨਾਂ ਵਿੱਚੋਂ ਕੋਈ ***ਦੋ*** *(any **two**)* ਹੱਲ ਕਰੋ) : *2×1=2*

(i) ਹੇਠ ਲਿਖਿਆਂ ਵਿੱਚੋਂ ਕਿਹੜਾ ਸਮਾਸੀ ਸ਼ਬਦ ਦੁਹਰਾਵੇਂ ਸ਼ਬਦਾਂ ਦੇ ਸੁਮੇਲ ਨਾਲ ***ਨਹੀਂ*** ਬਣਿਆ ਹੈ ? ਸਹੀ ਵਿਕਲਪ ਚੁਣੋ :

(A) ਸਮਾਜ-ਸੇਵਕ (B) ਉੱਚੀ-ਉੱਚੀ

(C) ਸਵੇਰੇ-ਸਵੇਰੇ (D) ਮੁੜ-ਮੁੜ

(ii) ਹੇਠ ਲਿਖਿਆਂ ਵਿੱਚੋਂ ਕਿਹੜਾ ਸਮਾਸੀ ਸ਼ਬਦ **ਨਾਂਵ+ਨਾਂਵ** ਸ਼ਬਦਾਂ ਦੇ ਸੁਮੇਲ ਨਾਲ ਬਣਿਆ ਹੈ :

(A) ਚੰਗਾ-ਮੰਦਾ (B) ਜਲ-ਘਰ

(C) ਟੁੱਟ-ਭੱਜ (D) ਖ਼ੁਸ਼ਕਿਸਮਤ

(iii) ਹੇਠ ਲਿਖੇ ਵਿਕਲਪਾਂ ਵਿੱਚੋਂ ਸਹੀ ਸਮਾਸੀ ਸ਼ਬਦ ਚੁਣੋ :

(A) ਪ੍ਰਧਾਨ (B) ਸੁੱਧ-ਬੁੱਧ

(C) ਸਕੂਲ (D) ਦ੍ਰਿਸ਼ਟੀ

**4.** **ਬਹੁ-ਅਰਥਕ ਸ਼ਬਦ :** (ਪੁੱਛੇ ਗਏ ਅਨੁਸਾਰ ਤਿੰਨ ਪ੍ਰਸ਼ਨਾਂ ਵਿੱਚੋਂ ਕੋਈ ***ਦੋ*** *(any **two**)* ਹੱਲ ਕਰੋ) : *2×1=2*

(i) ਹੇਠ ਲਿਖੇ ਵਾਕਾਂ ਵਿਚਲੀਆਂ ਖਾਲੀ ਥਾਵਾਂ ਭਰਨ ਲਈ ਢੁਕਵਾਂ ਬਹੁ-ਅਰਥਕ ਸ਼ਬਦ ਚੁਣੋ :

ਦਫ਼ਤਰ ਵਿੱਚ ਜ਼ਿਆਦਾ ਕੰਮ ਕਾਰਨ ਪਰਸੋਂ ਮੇਰੀ ਗਰਦਨ __________ ਗਈ ਲੋਕਾਂ ਨੂੰ ਲਗਦਾ ਹੈ ਕਿ ਮੇਰੇ ਵਿੱਚ ____________ ਆ ਗਈ ਹੈ ਤਾਂ ਹੀ ਮੈਂ ਇਸ ਤਰ੍ਹਾਂ ਤੁਰ ਰਿਹਾ ਹਾਂ । ਮੇਰੀ ਤਾਂ ਹਾਲਤ ਇਹ ਹੈ ਕਿ ਮੇਰੇ ਤੋਂ __________ ਵੀ ਨਹੀਂ ਲਈ ਜਾ ਰਹੀ । ਮੇਰੀ ਸਥਿਤੀ ਸਮਝਣ ਦੀ ਬਜਾਏ ਪਿੰਡ ਦੇ ਲੋਕ ਮੇਰੇ ਸਾਹਮਣੇ ਐਂਵੇਂ ਹੀ __________ ਰਹੇ ਹਨ ।

(A) ਸੁੱਜ (B) ਆਕੜ

(C) ਡਿੱਗ (D) ਟੁੱਟ

(ii) ਜਿਸ ਸ਼ਬਦ ਦਾ ਉਚਾਰਨ ਤੇ ਰੂਪ ਇੱਕੋ ਰਹੇ, ਪਰ ਅਰਥ ਅਲੱਗ-ਅਲੱਗ ਪ੍ਰਗਟ ਹੁੰਦੇ ਹੋਣ, ਉਸ ਨੂੰ __________ ਆਖਦੇ ਹਨ । ਸਹੀ ਵਿਕਲਪ ਚੁਣਕੇ ਖ਼ਾਲੀ ਥਾਂ ਭਰੋ ।

(A) ਨਿਰਾਰਥਕ ਸ਼ਬਦ (B) ਵਿਰੋਧਾਰਥਕ ਸ਼ਬਦ

(C) ਬਹੁ-ਅਰਥਕ ਸ਼ਬਦ (D) ਅਰਥਹੀਣ ਸ਼ਬਦ

(iii) 'ਆਦਰ' ਦਾ ਇੱਕ ਅਰਥ ਹੈ 'ਇੱਜ਼ਤ' ਦੂਜਾ ਅਰਥ ਹੈ :

(A) ਸਤਿਕਾਰ (B) ਬਿਪਤਾ

(C) ਵਾਇਦਾ (D) ਸ਼ਰਮ

5. **ਕਿਰਿਆ-ਵਿਸ਼ੇਸ਼ਣ :** (ਪੁੱਛੇ ਗਏ ਅਨੁਸਾਰ ਤਿੰਨ ਪ੍ਰਸ਼ਨਾਂ ਵਿੱਚੋਂ ਕੋਈ ***ਦੋ*** *(any **two**)* ਹੱਲ ਕਰੋ) : *2×1=2*

(i) ਹੇਠ ਲਿਖੇ ਸ਼ਬਦ-ਸਮੂਹਾਂ (ਵਿਕਲਪਾਂ) ਵਿੱਚੋਂ ਕਾਲ-ਵਾਚਕ ਕਿਰਿਆ ਵਿਸ਼ੇਸ਼ਣ ਚੁਣੋ :

(A) ਰੁਕ-ਰੁਕ ਕੇ, ਗਟਾਗਟ (B) ਹੁਣ, ਜਦੋਂ, ਪਰਸੋਂ

(C) ਉੱਪਰ, ਬਾਹਰ, ਦੂਰ (D) ਬਹੁਤ, ਥੋੜ੍ਹਾ, ਕਿੰਨਾ

(ii) ਜਿਨ੍ਹਾਂ ਸ਼ਬਦਾਂ ਤੋਂ ਕਿਰਿਆ ਦੇ ਹੋਣ ਜਾਂ ਨਾ ਹੋਣ ਦਾ ਪਤਾ ਲੱਗੇ, ਉਹਨਾਂ ਨੂੰ __________ ਕਿਹਾ ਜਾਂਦਾ ਹੈ ।

ਸਹੀ ਵਿਕਲਪ ਚੁਣ ਕੇ ਖ਼ਾਲੀ ਥਾਂ ਭਰੋ :

(A) ਮਿਣਤੀ-ਵਾਚਕ ਕਿਰਿਆ-ਵਿਸ਼ੇਸ਼ਣ

(B) ਪ੍ਰਕਾਰ-ਵਾਚਕ ਕਿਰਿਆ-ਵਿਸ਼ੇਸ਼ਣ

(C) ਤਾਕੀਦ-ਵਾਚਕ ਕਿਰਿਆ-ਵਿਸ਼ੇਸ਼ਣ

(D) ਨਿਰਨੇ-ਵਾਚਕ ਕਿਰਿਆ-ਵਿਸ਼ੇਸ਼ਣ

(iii) ਹੇਠ ਲਿਖੇ ਵਾਕ ਵਿੱਚੋਂ ਕਿਰਿਆ-ਵਿਸ਼ੇਸ਼ਣ ਚੁਣੋ :

ਤੁਸੀਂ ਮਿਹਨਤ ਨਹੀਂ ਕੀਤੀ, ਇਸ ਲਈ ਫੇਲ੍ਹ ਹੋ ਗਏ ।

(A) ਤੁਸੀਂ (B) ਕੀਤੀ

(C) ਇਸ ਲਈ (D) ਗਏ

6. **ਅਗੇਤਰ-ਪਿਛੇਤਰ :** (ਪੁੱਛੇ ਗਏ ਅਨੁਸਾਰ ਹੱਲ ਕਰੋ) : *1+1=2*

(i) ਹੇਠ ਲਿਖਿਆਂ ਵਿੱਚੋਂ ਕਿਸੇ ***ਇੱਕ*** (any ***one***) ਅਗੇਤਰ ਨੂੰ ਵਰਤ ਕੇ ਦੋ-ਦੋ ਸ਼ਬਦ ਬਣਾਓ :

ਉਪ, ਦੁਰ

(ii) ਹੇਠ ਲਿਖਿਆਂ ਵਿੱਚੋਂ ਕਿਸੇ ***ਇੱਕ*** (any ***one***) ਪਿਛੇਤਰ ਨੂੰ ਵਰਤ ਕੇ ਦੋ-ਦੋ ਸ਼ਬਦ ਬਣਾਓ :

ਹੀਣ, ਦਾਰ

7. **ਮੁਹਾਵਰੇ :** ਹੇਠ ਲਿਖਿਆਂ ਵਿੱਚੋਂ ਕਿਸੇ ***ਚਾਰ*** *(any **four**)* ਮੁਹਾਵਰਿਆਂ ਨੂੰ ਇਸ ਤਰ੍ਹਾਂ ਵਾਕਾਂ ਵਿੱਚ ਵਰਤੋਂ ਕਿ ਅਰਥ ਸਪਸ਼ਟ ਹੋ ਜਾਣ : *4×1=4*

(i) ਕੰਨਾਂ ਨੂੰ ਹੱਥ ਲਾਉਣਾ

(ii) ਖਾਰ ਖਾਣੀ

(iii) ਗਲ਼ ਨਾਲ਼ ਲਾਉਣਾ

(iv) ਘਰ ਸਿਰ 'ਤੇ ਚੁੱਕਣਾ

(v) ਛਿੱਲ ਲਾਹੁਣੀ

(vi) ਝੋਲੀ ਅੱਡਣਾ

## ਭਾਗ-III : ਪ੍ਰਭਾਵਸ਼ਾਲੀ ਲਿਖਣ ਕੌਸ਼ਲ
## (PART–III : Writing Skills)

*8+6+4=18*

**8.** ਹੇਠ ਲਿਖਿਆਂ ਵਿੱਚੋਂ ਕਿਸੇ ***ਇੱਕ*** *(any **one**)* ਵਿਸ਼ੇ 'ਤੇ 200 ਸ਼ਬਦਾਂ ਵਿੱਚ ਲੇਖ ਲਿਖੋ : *1×8=8*

(i) ਨਾਨਕ ਦੁਖੀਆ ਸਭ ਸੰਸਾਰ

ਨੁਕਤੇ : – (ਜਾਣ-ਪਛਾਣ ....... ਅਰਥ ....... ਕੀ ਸੰਸਾਰ ਵਿੱਚ ਸਾਰੇ ਦੁਖੀ ਹਨ ....... ਦੁੱਖਦਾਰੂ ਹੈ ....... ਸਿੱਟਾ ....... )

(ii) ਕੰਪਿਊਟਰ ਦੀ ਵਰਤੋਂ ਦੇ ਲਾਭ ਤੇ ਹਾਨੀਆਂ

ਨੁਕਤੇ : – (ਜਾਣ-ਪਛਾਣ ....... ਕੰਪਿਊਟਰ ਕੀ ਹੈ ....... ਕੰਪਿਊਟਰ ਦੀ ਵਰਤੋਂ ....... ਕੰਪਿਊਟਰ ਦੀ ਵਰਤੋਂ ਦੇ ਲਾਭ ....... ਕੰਪਿਊਟਰ ਦੀ ਵਰਤੋਂ ਦੇ ਨੁਕਸਾਨ ....... ਈ-ਵੇਸਟ ਦੇ ਨਿਪਟਾਣ ਦੀ ਸਮੱਸਿਆ ....... ਕੰਪਿਊਟਰ ਦੀ ਵਰਤੋਂ ਬਾਰੇ-ਵਿਚਾਰ ....... ਸਾਰੰਸ਼)

(iii) ਰੁੱਖਾਂ ਦੇ ਲਾਭ

ਨੁਕਤੇ : – (ਜਾਣ-ਪਛਾਣ ....... ਲੋਕ ਮਾਨਸਿਕਤਾ ਵਿੱਚ ਰੁੱਖ ....... ਰੁੱਖਾਂ ਦੇ ਲਾਭ ....... ਰੁੱਖਾਂ ਤੋਂ ਬਿਨਾਂ ਵਾਤਾਵਰਨ ....... ਰੁੱਖਾਂ ਦੀ ਅੰਨ੍ਹੇ-ਵਾਹ ਕਟਾਈ ....... ਵਿਦੇਸ਼ਾਂ ਵਿਚ ਰੁੱਖਾਂ ਦੀ ਸੰਭਾਲ ....... ਰੁੱਖ ਹੀ ਜੀਵਨ ਹਨ ....... ਰੁੱਖਾਂ ਨੂੰ ਬਚਾਉਣ ਦੀ ਲੋੜ ....... ਸਾਰੰਸ਼ ....... )

**9.** ਪੱਤਰ-ਰਚਨਾ : *1×6=6*

(i) ਮੰਨ ਲਓ ਤੁਸੀਂ ਹੋਸਟਲ ਵਿੱਚ ਰਹਿ ਕੇ ਆਪਣੀ ਪੜ੍ਹਾਈ ਕਰ ਰਹੇ ਹੋ । ਤੁਹਾਡੇ ਮਾਪਿਆਂ ਨੇ ਤੁਹਾਡੇ ਵੱਡੇ ਭਰਾ ਦੇ ਵਿਆਹ ਦੇ ਪ੍ਰੋਗਰਾਮਾਂ ਤੇ ਰਸਮਾਂ ਬਾਰੇ ਤੁਹਾਨੂੰ, ਚਿੱਠੀ ਲਿਖ ਕੇ, ਤੁਹਾਡੀ ਸਲਾਹ ਪੁੱਛੀ ਹੈ । ਇੱਕ ਪੱਤਰ ਰਾਹੀਂ ਦੱਸੋ ਕਿ ਉਹਨਾਂ ਵਿੱਚ ਹੋਰ ਕੀ-ਕੀ ਸੁਧਾਰ ਕੀਤੇ ਜਾ ਸਕਦੇ ਹਨ ।

(ਚਿੱਠੀ ਰਾਹੀਂ ਤਾਰੀਖ਼ ਦਾ ਪਤਾ ਲੱਗਣਾ ....... ਸਲਾਹ ਪੁੱਛਣ ਬਾਰੇ ਜਾਣ ਕੇ ਚੰਗਾ ਲੱਗਣਾ ....... ਭਰਾ ਦੀ ਅਗਾਂਹ-ਵਧੂ ਸੋਚ ਦਾ ਖ਼ਿਆਲ ਰੱਖਣਾ ....... ਬੇਲੋੜੀਆਂ ਰਸਮਾਂ ਤੇ ਫ਼ਜ਼ੂਲ-ਖ਼ਰਚੀ ਨਾ ਕਰਨ ਦੀ ਸਲਾਹ ....... ਲੜਕੀ ਵਾਲਿਆਂ ਦੇ ਪਰਿਵਾਰ 'ਤੇ ਕੋਈ ਬੋਝ ਨਾ ਪਾਉਣਾ ....... ਬਰਾਤ ਵਿੱਚ ਕੇਵਲ ਪੰਜ-ਸੱਤ ਵਿਅਕਤੀ ....... ਫ਼ਜ਼ੂਲ ਦੇ ਹੁੜਦੰਗ ਤੋਂ ਪਰਹੇਜ਼ ....... ਸਾਦੇ ਵਿਆਹ ਦੀ ਮਿਸਾਲ ਕਾਇਮ ਕਰਨਾ ....... )

**ਜਾਂ (OR)**

(ii) ਤੁਸੀਂ ਆਪਣੇ ਸਕੂਲ ਵਿੱਚ ਅੰਤਰ-ਸੈਕਸ਼ਨ ਕਵਿਤਾ-ਉਚਾਰਨ ਮੁਕਾਬਲਾ ਕਰਵਾਉਣਾ ਚਾਹੁੰਦੇ ਹੋ । ਸਕੂਲ ਦੀ ਸਾਹਿਤ ਸਭਾ ਦਾ ਪ੍ਰਧਾਨ ਹੋਣ ਦੇ ਨਾਤੇ ਤੁਸੀਂ ਇਸ ਦੀ ਇਜਾਜ਼ਤ ਲੈਣ ਲਈ ਆਪਣੇ ਸਕੂਲ ਦੇ/ਦੀ ਪ੍ਰਿੰਸੀਪਲ ਨੂੰ ਬਿਨੈ-ਪੱਤਰ ਲਿਖੋ ।

(ਸਾਹਿਤ ਸਭਾ ਦੀ ਮੀਟਿੰਗ ਵਿਚ ਫ਼ੈਸਲਾ ....... ਅੰਤਰ-ਸੈਕਸ਼ਨ ਕਵਿਤਾ-ਉਚਾਰਨ ਮੁਕਾਬਲਾ ਕਰਵਾਉਣ ਬਾਰੇ ਸਹਿਮਤੀ ....... ਬੱਚਿਆਂ ਵਿੱਚ ਸਾਹਿਤਕ ਰੁਚੀਆਂ ਪ੍ਰਫੁਲਤ ਕਰਨ ਦੀ ਲੋੜ ....... ਜੁਲਾਈ ਦੇ ਦੂਜੇ ਹਫ਼ਤੇ ਵਿੱਚ ....... ਇਜਾਜ਼ਤ ਤੋਂ ਬਾਅਦ ਹੀ ਤਾਰੀਖ਼ ਨਿਰਧਾਰਨ ....... ਇਜਾਜ਼ਤ ਲਈ ਬੇਨਤੀ)

10. ਹੇਠਲੀ ਤਸਵੀਰ ਨੂੰ ਧਿਆਨ ਨਾਲ਼ ਵੇਖੋ ਅਤੇ ਉਸ ਬਾਰੇ 50 ਸ਼ਬਦਾਂ ਵਿੱਚ ਲਿਖੋ । *1×4=4*



***ਨੋਟ :*** *ਹੇਠਲਾ ਪ੍ਰਸ਼ਨ ਤਸਵੀਰ ਆਧਾਰਿਤ ਪ੍ਰਸ਼ਨ ਦੀ ਥਾਂ ਸਿਰਫ਼* ***ਨੇਤਰਹੀਣ ਵਿਦਿਆਰਥੀਆਂ*** *ਲਈ ਹੈ ।*

ਆਪਣੇ ਸਕੂਲ ਦੇ ਪ੍ਰਿੰਸੀਪਲ ਨੂੰ ਆਪਣਾ ਸੈਕਸ਼ਨ ਬਦਲਣ ਲਈ ਬਿਨੈ-ਪੱਤਰ ਲਿਖੋ ।

## ਭਾਗ-IV : ਪਾਠ-ਪੁਸਤਕਾਂ 'ਤੇ ਅਧਾਰਿਤ ਪ੍ਰਸ਼ਨ
## (PART–IV : Text-Book Based Questions) *5+5+4+14+8+4=40*

11. **ਕਹਾਣੀ ਤੇ ਵਾਰਤਕ ਵਿੱਚੋਂ** (ਪੁੱਛੇ ਗਏ ਅਨੁਸਾਰ ਛੇ ਪ੍ਰਸ਼ਨਾਂ ਵਿੱਚੋਂ ਕੋਈ ***ਪੰਜ*** *(any **five**)* ਹੱਲ ਕਰੋ) : *5×1=5*

(i) ਜਿਸ ਵਿਅਕਤੀ ਨੂੰ ਘਰ ਦਾ ਪਿਆਰ ਨਹੀਂ ਮਿਲਿਆ ਹੁੰਦਾ, ਉਸ ਦਾ ਸੁਭਾਅ ਕਿਹੋ ਜਿਹਾ ਹੁੰਦਾ ਹੈ ? 'ਘਰ ਦਾ ਪਿਆਰ' ਲੇਖ ਦੇ ਆਧਾਰ 'ਤੇ ਦੱਸੋ ।

(A) ਹਸਮੁਖ (B) ਖ਼ੁਸ਼-ਮਿਜ਼ਾਜ
(C) ਪਿਆਰ ਵਾਲ਼ਾ (D) ਸੜੀਅਲ

(ii) 'ਬੋਲੀ' ਲੇਖ ਅਨੁਸਾਰ ਅਣਬੋਲਿਆ ਮਨੁੱਖ ਕਿਹੋ ਜਿਹਾ ਹੁੰਦਾ ਹੈ ?

(A) ਸੋਨੇ ਵਰਗਾ (B) ਸਿੱਕਿਆਂ ਵਰਗਾ
(C) ਬੂਹੇ-ਬੰਦ ਮਕਾਨ ਵਰਗਾ (D) ਕੱਪੜਿਆਂ ਵਰਗਾ

(iii) 'ਮੇਰੇ ਵੱਡੇ ਵਡੇਰੇ' ਲੇਖ ਅਨੁਸਾਰ ਲੇਖਕ ਦੇ ਦਾਦੇ ਹੁਰੀਂ ਕਿੰਨੇ ਭਰਾ ਸਨ ?

(A) ਤਿੰਨ (B) ਚਾਰ
(C) ਪੰਜ (D) ਛੇ

(iv) 'ਕੁਲਫ਼ੀ' ਕਹਾਣੀ ਵਿੱਚ ਲੇਖਕ ਨੇ ਆਪਣੇ ਸਾਥੀ ਤੋਂ ਕਿੰਨੇ ਰੁਪਏ ਉਧਾਰ ਲਏ ਸਨ ?

(A) ਦੋ (B) ਤਿੰਨ

(C) ਚਾਰ (D) ਟਕਾ

(v) 'ਧਰਤੀ ਹੇਠਲਾ ਬਲ਼ਦ' ਕਹਾਣੀ ਵਿੱਚ ਮਾਨ ਸਿੰਘ ਨੂੰ ਕਰਮ ਸਿੰਘ ਦੀ ਮੌਤ ਬਾਰੇ ਕਿਸ ਤੋਂ ਪਤਾ ਲੱਗਿਆ ?

(A) ਜਸਵੰਤ ਸਿੰਘ ਤੋਂ (B) ਕਰਮ ਸਿੰਘ ਦੇ ਪਿਤਾ ਤੋਂ

(C) ਡਾਕੀਏ ਤੋਂ (D) ਕਰਮ ਸਿੰਘ ਦੇ ਬੱਚੇ ਤੋਂ

(vi) 'ਅੰਗ-ਸੰਗ' ਕਹਾਣੀ ਵਿੱਚ ਕਰਤਾਰ ਸਿੰਘ ਦੇ ਬਿਮਾਰ ਹੋਣ 'ਤੇ ਅਮਰੀਕ ਸਿੰਘ ਨੂੰ ਕੌਣ ਲੈਣ ਗਿਆ ਸੀ ?

(A) ਮਹਿੰਦਰ (B) ਮੱਖਣ ਸਿੰਘ

(C) ਸੋਸਾਇਟੀ ਦਾ ਇਨਸਪੈਕਟਰ (D) ਬੰਸੋ

**12.** **ਕਵਿਤਾ ਤੇ ਇਕਾਂਗੀ ਵਿੱਚੋਂ** (ਪੁੱਛੇ ਗਏ ਅਨੁਸਾਰ ਛੇ ਪ੍ਰਸ਼ਨਾਂ ਵਿੱਚੋਂ ਕੋਈ ***ਪੰਜ*** *(any **five**)* ਹੱਲ ਕਰੋ) : *5×1=5*

(i) 'ਅਸੀ ਖਤੇ ਬਹੁਤੁ ਕਮਾਵਦੇ ਅੰਤੁ ਨ ਪਾਰਾਵਾਰੁ' ਸਤਰਾਂ ਕਿਸ ਰਚਨਾਂ ਵਿੱਚੋਂ ਹਨ ?

(A) ਕਿਰਪਾ ਕਰਿ ਕੈ ਬਖਸਿ ਲੈਹੁ

(B) ਸੋ ਕਿਉ ਮੰਦਾ ਆਖੀਐ

(C) ਤੂੰ ਮੇਰਾ ਪਿਤਾ ਤੂੰ ਹੈ ਮੇਰਾ ਮਾਤਾ

(D) ਸਤਿਗੁਰ ਨਾਨਕ ਪ੍ਰਗਟਿਆ

(ii) ਸ਼ਾਹ ਮੁਹੰਮਦ ਦੀ ਰਚਨਾ 'ਜੰਗ ਦਾ ਹਾਲ' ਵਿੱਚ ਆਏ ਸ਼ਬਦ 'ਮੇਖਜ਼ੀਨਾਂ' ਤੋਂ ਕੀ ਭਾਵ ਹੈ ?

(A) ਪਲੀਤਾ (B) ਅੰਗਰੇਜ਼

(C) ਸ਼ਸਤਰ-ਘਰ (D) ਫ਼ੈਸਲਾ

(iii) 'ਭੰਡਿ ਜੰਮੀਐ ਭੰਡਿ ਨਿੰਮੀਐ ਭੰਡਿ ਮੰਗਣੁ ਵੀਆਹੁ' ਸਤਰਾਂ ਵਿੱਚ 'ਭੰਡਿ' ਸ਼ਬਦ ਦੇ ਅਰਥ ਹੇਠ ਲਿਖੇ ਵਿਕਲਪਾਂ ਵਿੱਚੋਂ ਚੁਣੋ :

(A) ਬੰਧਨ (B) ਪਿਆਰ

(C) ਸੰਬੰਧ (D) ਇਸਤਰੀ

(iv) "ਮਿਲ਼ ਗਈ, ਵੇ ਪੁੱਤ, ਸਿੱਖਿਆ । ਹੁਣ ਮੇਰੇ ਮਗਰ ਇਹ ਗੱਲ ਨਾ ਪਾ ਦਿਓ ।" 'ਦੂਜਾ ਵਿਆਹ' ਇਕਾਂਗੀ ਵਿੱਚ ਇਹ ਸ਼ਬਦ ਕਿਸ ਨੇ ਕਹੇ ?

(A) ਬਲਵੰਤ ਸਿੰਘ ਨੇ (B) ਸੁਖਦੇਵ ਕੌਰ ਨੇ

(C) ਨਿਹਾਲ ਕੌਰ ਨੇ (D) ਗੁਰਦਿੱਤ ਸਿੰਘ ਨੇ

(v) 'ਜ਼ਫ਼ਰਨਾਮਾ' ਇਕਾਂਗੀ ਅਨੁਸਾਰ ਕਿਸ ਮੁਗ਼ਲ ਬਾਦਸ਼ਾਹ ਨੇ ਗੁਰੂ ਨਾਨਕ ਦੇਵ ਜੀ ਅੱਗੇ ਆਪਣਾ ਸਿਰ ਝੁਕਾਇਆ ?

(A) ਬਾਬਰ (B) ਔਰੰਗਜ਼ੇਬ

(C) ਅਸ਼ੋਕ (D) ਅਕਬਰ

(vi) ''ਵਜ਼ੀਰ ਖਾਂ ਨੇ ਗੁਰੂ ਦੇ ਦੋਵੇਂ ਛੋਟੇ ਬੇਟੇ ਜਿਉਂਦੇ ਨੀਹਾਂ ਵਿੱਚ ਚਿਣਵਾ ਕੇ ਮਰਵਾ ਦਿੱਤੇ ਹਨ ।'' 'ਜ਼ਫ਼ਰਨਾਮਾ' ਇਕਾਂਗੀ ਵਿੱਚ ਇਹ ਸ਼ਬਦ ਕਿਸ ਨੇ ਕਹੇ ?

(A) ਜ਼ੀਨਤ (B) ਅਸਦ ਖ਼ਾਨ

(C) ਔਰੰਗਜ਼ੇਬ (D) ਬੇਗ਼ਮ ਊਦੈਪੁਰੀ

13. **ਕਹਾਣੀ ਤੇ ਵਾਰਤਕ ਵਿੱਚੋਂ** (ਕਿਸੇ ***ਚਾਰ*** *(any* ***four****) ਪ੍ਰਸ਼ਨਾਂ ਦੇ ਉੱਤਰ ਇੱਕ-ਦੋ ਸ਼ਬਦਾਂ ਵਿੱਚ ਦਿਓ)* : *4×1=4*

(i) 'ਮੇਰੇ ਵੱਡੇ-ਵਡੇਰੇ' ਲੇਖ ਵਿੱਚ ਪ੍ਰਸ਼ਾਦ ਦਾ ਸਾਰਾ ਕੜਾਹਾ ਕਿਨ੍ਹਾਂ ਨੇ ਸਮੇਟ ਛੱਡਿਆ ?

(ii) 'ਬੋਲੀ' ਲੇਖ ਵਿੱਚ ਬੱਚਿਆਂ ਦੀ ਦੁਨੀਆ ਵਿੱਚ ਕਿਹੜਾ ਵਾਧਾ ਕਾਇਮ ਰੱਖਣ ਦੀ ਗੱਲ ਕੀਤੀ ਹੈ ?

(iii) 'ਘਰ ਦਾ ਪਿਆਰ' ਲੇਖ ਅਨੁਸਾਰ ਲੇਖਕ ਜਦੋਂ ਰਾਵਲਪਿੰਡੀ ਪੜ੍ਹਦਾ ਸੀ ਤਾਂ ਕਿਹੜਾ ਦਿਨ ਕੱਟਣ ਆਪਣੇ ਪਿੰਡ ਜਾਂਦਾ ਸੀ ?

(iv) ਕਾਕੇ ਦੇ ਢੁੱਡ ਮਾਰਨ ਨਾਲ ਸ਼ਾਹਾਂ ਦਾ ਮੁੰਡਾ ਕਿਥੇ ਡਿੱਗ ਪਿਆ ਸੀ ? 'ਕੁਲਫ਼ੀ' ਕਹਾਣੀ ਦੇ ਆਧਾਰ 'ਤੇ ਦੱਸੋ ।

(v) 'ਧਰਤੀ ਹੇਠਲਾ ਬਲ਼ਦ' ਕਹਾਣੀ ਵਿੱਚ ਮਾਨ ਸਿੰਘ ਤਰਨਤਾਰਨ ਕਿਸ ਨਾਲ਼ ਗਿਆ ਸੀ ?

14. **ਕਹਾਣੀ, ਵਾਰਤਕ ਤੇ ਇਕਾਂਗੀ ਵਿੱਚੋਂ** (ਕਿਸੇ ***ਸੱਤ*** *(any* ***seven****)* ਪ੍ਰਸ਼ਨਾਂ ਦੇ ਉੱਤਰ 25 ਤੋਂ 30 ਸ਼ਬਦਾਂ ਵਿੱਚ ਦਿਓ) : *7×2=14*

(i) 'ਅੰਗ-ਸੰਗ' ਕਹਾਣੀ ਵਿੱਚ ਅਮਰੀਕ ਸਿੰਘ ਨੂੰ ਆਪਣਾ ਆਪ ਵੀ ਆਪਣੇ ਪਿਓ ਦੀ ਮੌਤ ਦਾ ਇੱਕ ਕਾਰਨ ਲਗਦਾ ਹੈ । ਤੁਹਾਨੂੰ ਉਸ ਦੀ ਇਹ ਗੱਲ ਕਿੰਨੀ 'ਕੁ ਸਹੀ ਲਗਦੀ ਹੈ ? ਆਪਣੇ ਵਿਚਾਰ ਪ੍ਰਗਟ ਕਰੋ ।

(ii) 'ਕੁਲਫ਼ੀ' ਕਹਾਣੀ ਦੇ ਆਧਾਰ 'ਤੇ ਆਪਣੇ ਵਿਚਾਰ ਪ੍ਰਗਟਾਓ ਕਿ ਲੇਖਕ ਇਸ ਕਹਾਣੀ ਰਾਹੀਂ ਕੀ ਸੰਦੇਸ਼ ਦੇਣਾ ਚਾਹੁੰਦਾ ਹੈ ?

(iii) ਤੁਹਾਡੇ ਵਿਚਾਰ ਅਨੁਸਾਰ 'ਧਰਤੀ ਹੇਠਲਾ ਬਲ਼ਦ' ਕਹਾਣੀ ਦਾ ਸਿਰਲੇਖ ਕਿੰਨਾ 'ਕੁ ਢੁਕਵਾਂ ਹੈ ?

(iv) 'ਦੂਜਾ ਵਿਆਹ' ਇਕਾਂਗੀ ਵਿੱਚ ਬਲਵੰਤ ਸਿੰਘ ਵੱਲੋਂ ਦੂਜਾ ਵਿਆਹ ਕਰਵਾਉਣ ਦੀ ਖ਼ਬਰ ਸੁਣ ਕੇ ਮਨਜੀਤ ਆਪਣੀ ਸੱਸ ਨੂੰ ਕਿਵੇਂ ਹੌਸਲਾ ਦਿੰਦੀ ਹੈ ?

(v) 'ਜ਼ਫ਼ਰਨਾਮਾ' ਇਕਾਂਗੀ ਦੇ ਕਿਸੇ ਇੱਕ ਪਾਤਰ ਬਾਰੇ ਆਪਣੇ ਸ਼ਬਦਾਂ ਵਿੱਚ ਲਿਖੋ ।

(vi) 'ਤੁਰਨ ਦਾ ਹੁਨਰ' ਪਾਠ ਤੋਂ ਤੁਹਾਨੂੰ ਕੀ ਸਿੱਖਿਆ ਮਿਲ਼ਦੀ ਹੈ ?

(vii) 'ਘਰ ਦਾ ਪਿਆਰ' ਲੇਖ ਅਨੁਸਾਰ ਘਰ ਦੇ ਪਿਆਰ ਤੋਂ ਹੀ ਸਮਾਜ ਅਤੇ ਦੇਸ ਦਾ ਪਿਆਰ ਪੈਦਾ ਹੁੰਦਾ ਹੈ । ਤੁਸੀਂ ਲੇਖਕ ਦੀ ਇਸ ਗੱਲ ਨਾਲ ਕਿੰਨੇ 'ਕੁ ਸਹਿਮਤ ਹੋ ? ਤਰਕ ਸਹਿਤ ਆਪਣੇ ਵਿਚਾਰ ਪ੍ਰਗਟ ਕਰੋ ।

(viii) 'ਬੋਲੀ' ਲੇਖ ਅਨੁਸਾਰ 'ਬੋਲੀ ਤੋਂ ਹੀ ਅਸੀਂ ਮਨੁੱਖੀ ਅਮੀਰੀ ਦਾ ਮੇਚਾ ਲੈ ਸਕਦੇ ਹਾਂ ।' ਤੁਹਾਡੇ ਵਿਚਾਰ ਅਨੁਸਾਰ ਲੇਖਕ ਦੁਆਰਾ ਆਖੀ ਗਈ ਇਹ ਗੱਲ ਕਿੰਨੀ 'ਕੁ ਸਹੀ ਹੈ ?

**15.** **ਕਵਿਤਾ ਤੇ ਵਾਰਤਕ ਵਿੱਚੋਂ** (ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ 50 ਤੋਂ 60 ਸ਼ਬਦਾਂ ਵਿੱਚ ਦਿਓ) : *2×4=8*

(i) (ੳ) ਭਾਈ ਗੁਰਦਾਸ ਜੀ ਦੀ ਰਚਨਾ 'ਸਤਿਗੁਰ ਨਾਨਕ ਪ੍ਰਗਟਿਆ' ਦੇ ਆਧਾਰ 'ਤੇ ਦੱਸੋ ਕਿ ਗੁਰੂ ਨਾਨਕ ਦੇਵ ਜੀ ਦੇ ਪ੍ਰਗਟ ਹੋਣ ਨਾਲ਼ ਸਿੱਧਾਂ ਦੇ ਆਸਣਾਂ 'ਤੇ ਕੀ ਪ੍ਰਭਾਵ ਪਿਆ ?

**ਜਾਂ (OR)**

(ਅ) 'ਤੂੰ ਮੇਰਾ ਪਿਤਾ ਤੂੰ ਹੈ ਮੇਰਾ ਮਾਤਾ' ਰਚਨਾ ਦਾ ਕੇਂਦਰੀ ਭਾਵ ਲਿਖੋ ।

(ii) (ੳ) 'ਤੁਰਨ ਦਾ ਹੁਨਰ' ਪਾਠ ਅਨੁਸਾਰ ਪੈਦਲ ਤੁਰਿਆਂ ਮਨੁੱਖ ਕੁਦਰਤ ਦੇ ਨੇੜੇ ਕਿਵੇਂ ਹੋ ਜਾਂਦਾ ਹੈ ? ਦਲੀਲਾਂ ਸਹਿਤ ਉੱਤਰ ਦਿਓ ।

**ਜਾਂ (OR)**

(ਅ) 'ਪ੍ਰਾਰਥਨਾ' ਲੇਖ ਨੂੰ ਪੜ੍ਹ ਕੇ ਤੁਹਾਨੂੰ ਕੀ ਸਿੱਖਿਆ ਜਾਂ ਸੇਧ ਮਿਲ਼ਦੀ ਹੈ ? ਆਪਣੇ ਵਿਚਾਰ ਪ੍ਰਗਟ ਕਰੋ ।

**16.** **ਇਕਾਂਗੀ ਵਿੱਚੋਂ** (ਕਿਸੇ ***ਇੱਕ*** *(any **one**)* ਪ੍ਰਸ਼ਨ ਦਾ ਉੱਤਰ 50 ਤੋਂ 60 ਸ਼ਬਦਾਂ ਵਿੱਚ ਦਿਓ) : *1×4=4*

(i) 'ਜ਼ਫ਼ਰਨਾਮਾ' ਵਿੱਚ ਔਰੰਗਜ਼ੇਬ ਬਾਰੇ ਕੀ ਖ਼ਾਸ ਲਿਖਿਆ ਸੀ, ਜੋ ਉਹ ਏਨੇ ਧਿਆਨ ਨਾਲ਼ ਉੱਚੀ-ਉੱਚੀ ਪੜ੍ਹ ਰਿਹਾ ਸੀ ? 'ਜ਼ਫ਼ਰਨਾਮਾ' ਇਕਾਂਗੀ ਦੇ ਆਧਾਰ 'ਤੇ ਚਾਨਣਾ ਪਾਓ ।

(ii) 'ਦੂਜਾ ਵਿਆਹ' ਇਕਾਂਗੀ ਵਿੱਚ ਨਿਹਾਲ ਕੌਰ, ਮਨਜੀਤ ਨੂੰ ਦੂਜੇ ਵਿਆਹ ਦੀਆਂ ਧਮਕੀਆਂ ਕਿਉਂ ਦਿੰਦੀ ਰਹਿੰਦੀ ਹੈ ? ਕੀ ਉਸ ਦਾ ਇੰਝ ਧਮਕੀਆਂ ਦੇਣਾ ਜਾਇਜ਼ ਹੈ ? ਆਪਣੇ ਵਿਚਾਰ ਪ੍ਰਗਟ ਕਰੋ ।